ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
ਪੰਜਵੀ ਮੰਜਿਲ,ਈ-ਬਲਾਕ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8, ਐਸ.ਏ.ਐਸ.ਨਗਰ
(ਵਜੀਫਾ ਸ਼ਾਖਾ)

ਵੱਲ

ਪੰਜਾਬ ਰਾਜ ਦੇ,
ਸਮੂਹ ਸਕੂਲ ਮੁਖੀ/ਪ੍ਰਿੰਸੀਪਲ।

ਮੀਮੋ ਨੰ: 20/14-12 ਵਜੀਫਾ (2)
ਮਿਤੀ: 24-10-2019

ਵਿਸਾ:- ਰਾਜ ਵਿਦਿਅਕ ਭਲਾਈ ਸਕੀਮ ਅਤੇ ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆ ਲਈ ਸਕੀਮ ਨਾਲ ਸਬੰਧਤ ਵਿਦਿਆਰਥੀਆਂ ਦਾ ਰਿਜੈਕਸ਼ਨ ਡਾਟਾ (ਬੈਂਕ ਅਕਾਊਂਟ ਅਤੇ ਆਈ. ਐਫ. ਸੀ. ਕੋਡ ਕੁਰੈਕਸਨ ਕਰਵਾਉਣ ਹਿੱਤ) ਭੇਜਣ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵੱਲੋਂ ਸਾਲ 2012-13 ਦਾ ਰਾਜ ਵਿਦਿਅਕ ਭਲਾਈ ਸਕੀਮ ਤਹਿਤ 11 ਜਿਲ੍ਹਿਆਂ ਦਾ ਪੇਡ ਅਤੇ 9441 ਵਿਦਿਆਰਥੀਆਂ ਦਾ ਰਿਜੈਕਸਨ ਡਾਟਾ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆ ਲਈ ਸਕੀਮ ਅਧੀਨ ਸਾਲ 2015-16 ਤਹਿਤ 71 ਵਿਦਿਆਰਥੀਆਂ ਦਾ ਰਿਜੈਕਸਨ ਡਾਟਾ ਪ੍ਰਾਪਤ ਹੋਇਆ ਹੈ ਜੋ ਕਿ ਆਪ ਵੱਲੋਂ ਸੋਧ ਕਰਵਾਉਣ ਲਈ ਈ-ਪੰਜਾਬ ਪੋਰਟਲ ਤ੍ਹੇ ਲਾਈਵ ਕਰ ਦਿੱਤਾ ਗਿਆ ਹੈ।ਇਸ ਲਈ 10 ਦਿਨਾਂ ਦੇ ਅੰਦਰ-ਅੰਦਰ ਇਹ ਡਾਟਾ ਈ-ਪੰਜਾਬ ਪੋਰਟਲ ਤੇ ਸੋਧਿਆ ਜਾਵੇ ਅਤੇ ਰੀਮਾਕਸ ਕਾਲਮ ਵਿੱਚ ਸਿਰਫ **OK** ਤੇ **DELETE** ਹੀ ਲਿਖਿਆ ਜਾਵੇ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜੇਕਰ ਸਮੇਂ ਸਿਰ ਇਹ ਡਾਟਾ ਸੋਧਣ ਉਪਰੰਤ ਪ੍ਰਾਪਤ ਨਾ ਹੋਇਆ ਤਾਂ ਸਬੰਧਤ ਵਿਭਾਗ ਵੱਲੋਂ ਰਿਜੈਕਸਨ ਵਾਲੇ ਵਿਦਿਆਰਥੀਆਂ ਦੀ ਵਜੀਫੇ ਦੀ ਰਾਸ਼ੀ ਖਜਾਨੇ ਵਾਪਿਸ ਜਮ੍ਹਾ ਕਰਵਾ ਦਿੱਤੀ ਜਾਵੇਗੀ।

24/10/19
ਸਹਾਇਕ ਡਾਇਰੈਕਟਰ (ਵਜੀਫਾ)